# ਖੇਤੀਬਾੜੀ
# ਸ਼੍ਰੇਣੀ : ਅੱਠਵੀਂ
# ਸੈਸ਼ਨ 2025-26

## ਲਿਖਤੀ ਪਾਠਕ੍ਰਮ

1. **ਭੂਮੀ ਅਤੇ ਭੂਮੀ ਸੁਧਾਰ :** ਭੂਮੀ ਕੀ ਹੈ ? ਭੂਮੀ ਦੇ ਭੌਤਿਕ ਅਤੇ ਰਸਾਇਣਕ ਗੁਣ । ਰੇਤਲੀਆਂ, ਚੀਕਣੀਆਂ ਅਤੇ ਕੱਲਰੀਆਂ ਜ਼ਮੀਨਾਂ ਦਾ ਸੁਧਾਰ ਕਰਨਾ । ਸੇਮ ਵਾਲੀਆਂ ਜ਼ਮੀਨਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਨੂੰ ਸੁਧਾਰਨ ਦੇ ਢੰਗ ।
2. **ਪਨੀਰੀਆਂ ਤਿਆਰ ਕਰਨਾ :** ਪਨੀਰੀ ਤਿਆਰ ਕਰਨ ਦੀ ਜ਼ਰੂਰਤ ਅਤੇ ਲਾਭ । ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ ਤਿਆਰ ਕਰਨਾ । ਫ਼ਲਦਾਰ ਬੂਟਿਆਂ ਅਤੇ ਜੰਗਲਾਤ ਬੂਟਿਆਂ ਦੀ ਨਰਸਰੀ ਤਿਆਰ ਕਰਨਾ ।
3. **ਜ਼ਮੀਨ ਦੀ ਪੈਮਾਇਸ਼ ਅਤੇ ਰਿਕਾਰਡ :** ਜ਼ਮੀਨ ਦੀ ਮਿਣਤੀ ਅਤੇ ਰਿਕਾਰਡ ਸਬੰਧੀ ਜ਼ਰੂਰੀ ਦਸਤਾਵੇਜ਼ ਅਤੇ ਅਹਿਮ ਪਹਿਲੂ – ਜ਼ਰੀਬ, ਸ਼ਿਜਰਾ, ਨਿਸ਼ਾਨਦੇਹੀ, ਮੁਰੱਬਾਬੰਦੀ, ਗੋਸ਼ਵਾਰਾ, ਇੰਤਕਾਲ, ਜਮ੍ਹਾਂਬੰਦੀ, ਤਕਸੀਮ, ਗਿਰਦਾਵਰੀ, ਦਰੁਸਤੀ ਗਿਰਦਾਵਰੀ, ਠੇਕਾ, ਰਹਿਣ, ਖਰਾਬਾ ਆਦਿ ਸਬੰਧੀ ਜਾਣਕਾਰੀ । ਭੂਮੀ ਦੇ ਰਿਕਾਰਡ ਦਾ ਕੰਪਿਊਟਰੀਕਰਨ । ਜ਼ਮੀਨ ਦੀ ਪੈਮਾਇਸ਼ ਲਈ ਪੈਮਾਨੇ ।
4. **ਸੂਰਜੀ ਊਰਜਾ :** ਰਵਾਇਤੀ ਅਤੇ ਗੈਰ-ਰਵਾਇਤੀ ਊਰਜਾ ਸੋਮੇ, ਮਹੱਤਤਾ । ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰ – ਸੋਲਰ ਡਰਾਇਰ, ਸੋਲਰ ਕੁੱਕਰ, ਸੋਲਰ ਵਾਟਰ ਹੀਟਰ, ਸੋਲਰ ਲਾਲਟੈਣ, ਸੋਲਰ ਹੋਮ ਲਾਈਟਿੰਗ ਸਿਸਟਮ, ਸੋਲਰ ਸਟਰੀਟ ਲਾਈਟ, ਸੋਲਰ ਵਾਟਰ ਪੰਪ ਆਦਿ ਸਬੰਧੀ ਜਾਣਕਾਰੀ ।
5. **ਖੁੰਬਾਂ ਦੀ ਕਾਸ਼ਤ :** ਖੁੰਬਾਂ ਦਾ ਖੁਰਾਕੀ ਮਹੱਤਵ, ਵੱਖ-ਵੱਖ ਕਿਸਮਾਂ ਦੀਆਂ ਖੁੰਬਾਂ ਉਗਾਉਣਾ, ਕੀੜਿਆਂ ਤੋਂ ਬਚਾਓ, ਪੈਕਿੰਗ ਅਤੇ ਮੰਡੀਕਰਨ ਕਰਨਾ ।
6. **ਮਧੂ ਮੱਖੀ ਪਾਲਣ :** ਮਧੂ ਮੱਖੀ ਪਾਲਣ ਦੀ ਮਹੱਤਤਾ, ਮਧੂ ਮੱਖੀ ਦੀ ਸਰੀਰਕ ਬਣਤਰ, ਕਿਸਮਾਂ, ਜਾਤਾਂ, ਜੀਵਨ ਚੱਕਰ, ਕਟੁੰਬ ਦੀ ਜੱਥੇਬੰਦੀ ਅਤੇ ਕੰਮਕਾਰ ਦੀ ਵੰਡ । ਮੌਸਮੀ ਪ੍ਰਬੰਧ, ਸ਼ਹਿਦ ਦਾ ਮੰਡੀਕਰਨ, ਸਰਕਾਰੀ ਵੱਲੋਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਅਤੇ ਸਿਖਲਾਈ ਬਾਰੇ ਜਾਣਕਾਰੀ ।
7. **ਬਹੁ-ਭਾਂਤੀ ਖੇਤੀ :** ਬਹੁ-ਫ਼ਸਲੀ ਪ੍ਰਣਾਲੀ ਦੀ ਲੋੜ, ਮਹੱਤਵਪੂਰਣ ਫ਼ਸਲੀ ਚੱਕਰ, ਸੰਯੁਕਤ ਫ਼ਸਲੀ ਚੱਕਰ – ਖੇਤੀ ਸਹਾਇਕ ਧੰਦੇ ਅਪਣਾਉਣਾ ।
8. **ਜੈਵਿਕ ਖੇਤੀ :** ਜੈਵਿਕ ਖੇਤੀ ਦੀ ਮਹੱਤਤਾ, ਲੋੜ ਅਤੇ ਜੈਵਿਕ ਖੇਤੀ ਅਧੀਨ ਰਕਬਾ । ਜੈਵਿਕ ਮਿਆਰ, ਜੈਵਿਕ ਫ਼ਸਲ ਉਤਪਾਦਨ ਦੇ ਤਰੀਕੇ, ਜੈਵਿਕ ਤਸਦੀਕੀਕਰਨ ਅਤੇ ਜੈਵਿਕ ਖੇਤੀ ਦਾ ਭਵਿੱਖ ।
9. **ਖੇਤੀ ਮਸ਼ੀਨਰੀ ਅਤੇ ਉਸ ਦੀ ਸਾਂਭ-ਸੰਭਾਲ :** ਖੇਤੀ ਮਸ਼ੀਨਰੀ ਦੀ ਸੰਭਾਲ ਦੀ ਮਹੱਤਤਾ । ਟਰੈਕਟਰ, ਕੰਬਾਈਨ ਹਾਰਵੈਸਟਰ, ਕਲਟੀਵੇਟਰ, ਤਵੀਆਂ, ਸੀਡ ਡਰਿੱਲ ਆਦਿ ਦੀ ਸਾਂਭ-ਸੰਭਾਲ ਕਰਨ ਦੇ ਤਰੀਕੇ ।
10. **ਫ਼ਲਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ :** ਫ਼ਲਾਂ ਅਤੇ ਸਬਜ਼ੀਆਂ ਨੂੰ ਸੰਭਾਲਣ ਦੀ ਲੋੜ, ਸਾਂਭ-ਸੰਭਾਲ ਦੇ ਵੱਖ-ਵੱਖ ਨੁਕਤੇ – ਫ਼ਲ ਅਤੇ ਸਬਜ਼ੀਆਂ ਦੀ ਤੁੜਾਈ, ਡੱਬਾਬੰਦੀ, ਸਟੋਰ ਕਰਨਾ ਅਤੇ ਢੋਆ-ਢੁਆਈ । ਫ਼ਲ ਪਕਾਉਣ ਦੇ ਸੁਰੱਖਿਅਤ ਤਰੀਕੇ ।
11. **ਫ਼ਲ ਅਤੇ ਸਬਜ਼ੀਆਂ ਤੋਂ ਅਚਾਰ, ਮੁਰੱਬੇ ਅਤੇ ਸ਼ਰਬਤ ਬਣਾਉਣਾ :** ਫਲ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਦਾ ਭਵਿੱਖ । ਫ਼ਲਾਂ ਅਤੇ ਸਬਜ਼ੀਆਂ ਤੋਂ ਅਚਾਰ, ਮੁਰੱਬਾ, ਸ਼ਰਬਤ, ਕੈਚਅੱਪ ਆਦਿ ਤਿਆਰ ਕਰਨਾ । ਫ਼ਲਾਂ ਅਤੇ ਸਬਜ਼ੀਆਂ ਨੂੰ ਸੁਕਾਉਣਾ ।

## ਪ੍ਰਯੋਗੀ ਪਾਠਕ੍ਰਮ

1. ਚੀਕਣੀ, ਰੇਤਲੀ ਅਤੇ ਮੈਰਾ ਜ਼ਮੀਨਾਂ ਦੀ ਪਛਾਣ ਕਰਨਾ ।
2. ਸਕੂਲ ਵਿੱਚ ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ ਤਿਆਰ ਕਰਨਾ । ਪੌਦਿਆਂ ਦੀ ਨਰਸਰੀ ਵਿੱਚ ਜਾ ਕੇ ਨਵੇਂ ਪੌਦੇ ਤਿਆਰ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
3. ਮਾਲ ਵਿਭਾਗ ਦੇ ਦਫ਼ਤਰ ਵਿਖੇ ਜਾ ਕੇ ਖੇਤੀ ਪੈਮਾਇਸ਼ ਨਾਲ ਸਬੰਧਤ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ। ਫਰਦ ਸੁਵਿਧਾ ਕੇਂਦਰ ਵਿਖੇ ਜਾ ਕੇ ਭੂਮੀ ਰਿਕਾਰਡ ਦੇ ਕੰਪਿਊਟਰੀਕਰਨ ਬਾਰੇ ਜਾਣਕਾਰੀ ਪ੍ਰਾਪਤ

ਕਰਨਾ। ਸਕੂਲ ਵਿੱਚ ਵੈੱਬਸਾਈਟ www.plrs.org.in ਤੇ ਜ਼ਮੀਨ ਦਾ ਰਿਕਾਰਡ ਦੇਖਣ ਬਾਰੇ ਜਾਣਕਾਰੀ ਦੇਣਾ।

**4.** ਆਪਣੇ ਜ਼ਿਲ੍ਹੇ ਦੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਕੇ ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰਾਂ ਅਤੇ ਸਬਸਿਡੀਆਂ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ।

**5.** ਕਿਸੇ ਖੁੰਬਾਂ ਉਗਾਉਣ ਵਾਲੇ ਫਾਰਮ ਤੇ ਜਾ ਕੇ ਖੁੰਬਾਂ ਉਗਾਉਣ ਸਬੰਧੀ ਸਮੁੱਚੀ ਜਾਣਕਾਰੀ ਪ੍ਰਾਪਤ ਕਰਨਾ। ਬਾਗਬਾਨੀ ਵਿਭਾਗ ਦੀ ਸਹਾਇਤਾ ਨਾਲ ਸਕੂਲ ਵਿੱਚ ਖੁੰਬਾਂ ਦੀ ਕਾਸ਼ਤ ਕਰਨਾ।

**6.** ਕਿਸੇ ਮਧੂ ਮੱਖੀ ਪਾਲਣ ਫਾਰਮ ਤੇ ਜਾ ਕੇ ਮਧੂ ਮੱਖੀ ਪਾਲਣ, ਸਾਜੋ-ਸਮਾਨ ਅਤੇ ਹੋਰ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।

**7.** ਖੇਤੀ ਸਹਿਯੋਗ ਧੰਦੇ – ਡੇਅਰੀ ਫਾਰਮ, ਮੱਛੀ ਫਾਰਮ, ਖਰਗੋਸ਼ ਫਾਰਮ, ਸੂਰ ਫਾਰਮ ਆਦਿ ਦਾ ਦੌਰਾ ਕਰਨਾ।

**8.** ਵਿਦਿਆਰਥੀਆਂ ਨੂੰ ਜ਼ਹਿਰ-ਮੁਕਤ ਖੇਤੀ ਕਰਨ ਲਈ ਪ੍ਰੇਰਿਤ ਕਰਨਾ।

**9.** ਖੇਤੀ ਮਸ਼ੀਨਾਂ ਬਾਰੇ ਜਾਣਕਾਰੀ ਦੇਣਾ ਅਤੇ ਉਹਨਾਂ ਦੀ ਸਾਂਭ-ਸੰਭਾਲ ਦੇ ਤਰੀਕਿਆਂ ਬਾਰੇ ਦੱਸਣਾ।

**10.** ਸਬਜ਼ੀਆਂ ਅਤੇ ਫ਼ਲਾਂ ਤੋਂ ਅਚਾਰ, ਸ਼ਰਬਤ, ਮੁਰੱਬਾ ਅਤੇ ਚੱਟਨੀ ਆਦਿ ਤਿਆਰ ਕਰਨਾ। ਕਿਸੇ ਨੇੜਲੇ ਫੂਡ ਪ੍ਰੋਸੈਸਿੰਗ ਪਲਾਂਟ ਦਾ ਦੌਰਾ ਕਰਨਾ।

**11.** ਬਾਗਾਂ ਅਤੇ ਸਬਜ਼ੀਆਂ ਵਾਲੇ ਖੇਤਾਂ ਦਾ ਦੌਰਾ ਕਰਨਾ।